# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ

ਵੱਲ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਪੰਜਾਬ।
2. ਬਲਾਕ ਪ੍ਰਾਇਮਰੀ ਸਿੱਖਿਆ ਅਫਸਰ, ਪੰਜਾਬ

**ਮੀਮੋ ਨੰ:DySPD (PEDB)/2019/** ੩੭੬੬੧੮

**ਮਿਤੀ:** ੦੫/੧੧/੨੦੧੯

**ਵਿਸ਼ਾ: ਪ੍ਰਾਇਮਰੀ ਸਕੂਲਾਂ ਲਈ ਰੈਸ਼ਨੇਲਾਈਜੇਸ਼ਨ ਪਾਲਿਸੀ 2019 ਜਾਰੀ ਕਰਨ ਸਬੰਧੀ।**

**ਹਵਾਲਾ:** ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/18-1ਸਿ6 /1575695, ਮਿਤੀ 16.09.2019

1.0 ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਰਾਹੀਂ ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਪੱਤਰ ਨੰ 11/35/18-1ਸਿ6/1575695, ਮਿਤੀ 16.09.2019 ਰਾਹੀਂ ਪ੍ਰਾਇਮਰੀ ਸਕੂਲਾਂ ਲਈ ਰੈਸ਼ਨੇਲਾਈਜੇਸ਼ਨ ਪਾਲਿਸੀ 2019 ਜਾਰੀ ਕੀਤੀ ਗਈ ਹੈ।

2.0 ਰੈਸ਼ਨੇਲਾਈਜੇਸ਼ਨ ਪਾਲਿਸੀ ਅਨੁਸਾਰ ਮਿਤੀ 31.08.2019 ਨੂੰ ਪੰਜਾਬ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਨੂੰ ਆਧਾਰ ਮੰਨਦੇ ਹੋਏ ਅਾਧਿਆਪਕਾਂ/ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰਾਂ ਦੀ ਬਣਦੀ Entitlement ਅਤੇ ਸਕੂਲ ਵਿੱਚ ਕੰਮ ਕਰ ਰਹੇ ਅਧਿਆਪਕਾਂ/ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰਾਂ ਦੀ ਗਿਣਤੀ ਤਿਆਰ ਕੀਤੀ ਗਈ ਹੈ। ਸਮੂਹ ਅਧਿਆਪਕ/ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰ ਆਪਣੇ epunjabschool Portal ਤੇ school login Id ਤੇ login ਕਰਕੇ ਆਪਣੇ ਵਿੱਚ ਸਕੂਲ ਦੀ ਅਾਧਿਆਪਕਾਂ/ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰਾਂ ਦੀ ਬਣਦੀ Entitlement ਅਤੇ ਸਕੂਲ ਵਿੱਚ ਕੰਮ ਕਰ ਰਹੇ ਅਧਿਆਪਕਾਂ/ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰਾਂ ਦੀ ਗਿਣਤੀ ਵੇਖ ਸਕਦੇ ਹਨ। ਨਾਲ ਹੀ ਰੈਸ਼ਨੇਲਾਈਜੇਸ਼ਨ ਪਾਲਿਸੀ ਅਨੁਸਾਰ ਜੇਕਰ ਕੋਈ ਅਧਿਆਪਕ/ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰ ਸਰਪਲਸ ਹੈ ਤਾਂ ਉਸ ਦਾ ਨਾਮ ਵੀ ਦਰਸ਼ਾਇਆ ਗਿਆ ਹੈ ਅਤੇ ਜਿਨ੍ਹਾਂ ਸਕੂਲਾਂ ਵਿੱਚ ਅਧਿਆਪਕਾਂ ਦੀ ਅਸਾਮੀ ਦੇਣੀ ਬਣਦੀ ਹੈ ਜਾਂ ਅਸਾਮੀ ਖਾਲੀ ਹੈ ਵੀ ਦਰਸ਼ਾਈ ਗਈ ਹੈ।

3.0 ਜੇਕਰ ਕਿਸੇ ਅਧਿਆਪਕ/ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰ ਨੂੰ ਇਸ ਸਬੰਧੀ ਕੋਈ ਇਤਰਾਜ ਹੈ ਤਾਂ ਉਹ ਮਿਤੀ 07.11.2019 ਤੱਕ epunjabschoolportal ਤੇ ਆਪਣੇ employee login Id ਤੇ login ਕਰਕੇ ਆਪਣਾ ਇਤਰਾਜ ਦਰਜ ਕਰਵਾ ਸਕਦਾ ਹੈ। ਇਤਰਾਜ ਕੇਵਲ ਆਨ ਲਾਇਨ ਹੀ ਲਏ ਜਾਣਗੇ।

4.0 ਜੇਕਰ ਕਰਮਚਾਰੀ ਕੈਂਸਰ ਦੀ ਬਿਮਾਰੀ ਜਾਂ ਗੁਰਦਾ ਰੋਗ (ਜੋ ਕਿ ਲਗਾਤਾਰ ਡਾਇਲਸਿਸ 'ਤੇ ਹੋਵੇ) ਤੋਂ ਪੀੜਤ ਹੈ ਅਤੇ ਸਕੂਲ ਵਿੱਚ ਉਸ ਦੀ ਅਸਾਮੀ ਸਰਪਲਸ ਹੈ, ਤਾਂ ਅਜਿਹਾ ਕਰਮਚਾਰੀ ਆਨ ਲਾਇਨ epunjabschoolportal ਤੇ ਆਪਣੇ employee login Id ਤੇ login ਕਰਕੇ ਮਿਤੀ 07.11.2019 ਤੱਕ ਆਪਣੀ ਆਪਸ਼ਨ ਦੇਵੇਗਾ ਕਿ ਉਹ ਰੈਸ਼ਨੇਲਾਇਜੇਸ਼ਨ ਤਹਿਤ ਸ਼ਿਫਟ ਹੋਣਾ ਚਾਹੁੰਦਾ ਹੈ ਜਾਂ ਨਹੀਂ।

5.0 ਰੈਸ਼ਨੇਲਾਇਜੇਸ਼ਨ ਪਾਲਿਸੀ ਦੀ ਮੱਦ ਨੰ 4 ਅਨੁਸਾਰ ਜੇਕਰ ਸਕੂਲ ਵਿੱਚ ਅਧਿਆਪਕ ਦੀ ਅਸਾਮੀ ਸਰਪਲਸ ਹੈ ਅਤੇ ਕੋਈ ਕਰਮਚਾਰੀ ਆਪਣੀ ਮਰਜੀ/ ਸਹਿਮਤੀ ਨਾਲ ਸ਼ਿਫਟ ਹੋਣਾ ਚਾਹੁੰਦਾ ਹੈ ਤਾਂ ਉਹ ਆਪਣੇ employee login Id ਤੇ login ਕਰਕੇ ਮਿਤੀ 07.11.2019 ਤੱਕ ਆਪਣੀ ਆਪਸ਼ਨ ਦੇਵੇਗਾ।

6.0 ਜੇਕਰ ਕਿਸੇ ਅਧਿਆਪਕ ਨੂੰ ਆਨ ਲਾਈਨ ਇਤਰਾਜ ਦਰਜ ਕਰਵਾਉਣ ਵਿੱਚ ਦਿਕੱਤ ਪੇਸ਼ ਆਉਂਦੀ ਹੈ ਤਾਂ ਉਹ ਜਿਲਾ ਐਮ.ਆਈ.ਐਸ ਕੋਆਰਡੀਨੇਟਰ ਦੀ ਮਦਦ ਲੈ ਸਕਦਾ ਹੈ, ਜਿਨ੍ਹਾਂ ਦੀ ਫੋਨ ਨੰਬਰਾਂ ਦੀ ਸੂਚੀ epunjabschool portal ਤੇ ਉਪਲਬਧ ਹੈ।

7.0 ਆਪਣੇ ਅਧੀਨ ਕੰਮ ਕਰ ਰਹੇ ਸਮੂਹ ਆਧਿਆਪਕਾਂ/ ਸਿੱਖਿਆ ਪ੍ਰੋਵਾਈਡਰ/ ਈ.ਜੀ.ਐਸ/ ਏ.ਆਈ.ਈ/ ਐਸ.ਟੀ.ਆਰ ਵਲੰਟੀਅਰਾਂ ਨੂੰ ਨੋਟ ਕਰਵਾਉਣਾ ਯਕੀਨੀ ਬਣਾਇਆ ਜਾਵੇ। ਜੇਕਰ ਕੋਈ ਅਧਿਆਪਕ ਜਾਂ ਵਲੰਟੀਅਰ ਆਪਣਾ ਇਤਰਾਜ ਦਰਜ ਕਰਵਾਉਂਦਾ ਹੈ ਤਾਂ ਇਹ ਇਤਰਾਜ ਆਨ ਲਾਇਨ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਦੇ epunjabschool portal ਤੇ login Id ਤੇ ਪ੍ਰਾਪਤ ਹੋਣਗੇ ਅਤੇ ਇਨ੍ਹਾਂ ਇਤਰਾਜਾਂ ਦਾ ਨਿਪਟਾਰਾ ਵੀ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵੱਲੋਂ ਆਪਣੇ ਦਫਤਰ ਦੇ ਰਿਕਾਰਡ ਨਾਲ ਮਿਲਾਨ ਕਰਨ ਉਪਰੰਤ ਆਨ ਲਾਇਨ ਹੀ ਮਿਤੀ 08.11.2019 ਤੱਕ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜੇਕਰ ਕਰਮਚਾਰੀ ਕੈਂਸਰ ਦੀ ਬਿਮਾਰੀ ਜਾਂ ਗੁਰਦਾ ਰੋਗ (ਜੋ ਕਿ ਲਗਾਤਾਰ ਡਾਇਲਸਿਸ 'ਤੇ ਹੋਵੇ) ਤੋਂ ਪੀੜਤ ਹੈ ਅਤੇ ਸਕੂਲ ਵਿੱਚ ਉਸ ਦੀ ਅਸਾਮੀ ਸਰਪਲਸ ਹੈ ਤਾਂ ਉਸ ਤੋਂ ਦਸਤਾਵੇਜ ਪ੍ਰਾਪਤ ਕਰਕੇ ਆਨ ਲਾਇਨ ਇਸ ਸਬੰਧੀ ਤਸਦੀਕ ਕੀਤਾ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ।